KWILS
KATHERINE WOMEN'S LEGAL SERVICE

(08) 8972 1712
1800 620 108
info@kwils.com.au
www.kwils.com.au

Katherine ਔਰਤਾਂ ਦੀ ਕਾਨੂੰਨੀ ਸੇਵਾ (KWILS), ਔਰਤਾਂ ਦੁਆਰਾ ਔਰਤਾਂ ਲਈ ਚਲਾਈ ਜਾਣ ਵਾਲੀ ਇੱਕ ਮਾਹਰ ਮਹਿਲਾ ਕਾਨੂੰਨੀ ਸੇਵਾ ਹੈ।

KWILS ਸਮੁੱਚੇ Big Rivers ਦੇ ਸਾਰੇ ਖੇਤਰਾਂ ਦੇ ਸਾਰੇ ਭਾਈਚਾਰਿਆਂ ਨੂੰ ਉਨ੍ਹਾਂ ਸਥਾਨਾਂ ਦੇ ਰਵਾਇਤੀ ਮਾਲਕਾਂ (Traditional Owners) ਵਜੋਂ ਮਾਨਤਾ ਦਿੰਦੀ ਹੈ, ਜਿੱਥੇ ਅਸੀਂ ਰਹਿੰਦੇ ਹਾਂ ਅਤੇ ਕੰਮ ਕਰਦੇ ਹਾਂ। ਖਾਸ ਤੌਰ 'ਤੇ, ਅਸੀਂ ਉਨ੍ਹਾਂ ਔਰਤਾਂ ਦੀ ਤਾਕਤ ਦਾ ਜਸ਼ਨ ਮਨਾਉਂਦੇ ਹਾਂ ਜਿਨ੍ਹਾਂ ਨੇ ਅਣਗਿਣਤ ਪੀੜ੍ਹੀਆਂ ਤੋਂ ਆਪਣੇ ਬੱਚਿਆਂ, ਪਰਿਵਾਰਾਂ ਅਤੇ ਦੇਸ਼ ਦੀ ਦੇਖਭਾਲ ਕੀਤੀ ਹੈ ਅਤੇ ਅਜੇ ਵੀ ਅਜਿਹਾ ਕਰਨਾ ਜਾਰੀ ਰੱਖਿਆ ਹੋਇਆ ਹੈ।

KWILS, Katherine ਅਤੇ Big Rivers ਦੇ ਖੇਤਰ ਵਿੱਚ **ਹਰ** ਉਮਰ ਦੀਆਂ **ਸਾਰੀਆਂ** ਔਰਤਾਂ ਦੇ ਨਾਲ ਮਿਲ ਕੇ ਕੰਮ ਕਰਦੀ ਹੈ, ਤਾਂ ਜੋ ਇੱਕ ਅਜਿਹੇ ਭਵਿੱਖ ਤੱਕ ਪਹੁੰਚਿਆ ਜਾ ਸਕੇ ਜਿੱਥੇ ਸਾਰੀਆਂ ਔਰਤਾਂ ਅਤੇ ਉਨ੍ਹਾਂ ਦੇ ਬੱਚੇ ਸੁਰੱਖਿਅਤ ਹਨ, ਇੱਜ਼ਤ ਅਤੇ ਸਨਮਾਨ ਨਾਲ ਆਪਣਾ ਜੀਵਨ ਵਤੀਤ ਕਰਦੇ ਹਨ।

KWILS ਨਾਲ ਗੱਲ ਕਰਨ ਲਈ ਤੁਹਾਨੂੰ ਸਥਾਈ ਨਿਵਾਸੀ ਜਾਂ ਨਾਗਰਿਕ ਹੋਣ ਦੀ ਲੋੜ ਨਹੀਂ ਹੈ: ਤੁਹਾਡੀ ਵੀਜ਼ਾ ਸਥਿਤੀ ਜੋ ਵੀ ਹੋਵੇ, ਅਸੀਂ ਤੁਹਾਡੀ ਸਹਾਇਤਾ ਕਰ ਸਕਦੇ ਹਾਂ।

ਸਾਡੇ ਵਕੀਲ ਘਰੇਲੂ, ਪਰਿਵਾਰਕ ਅਤੇ ਜਿਨਸੀ ਹਿੰਸਾ, ਬਾਲ ਸੁਰੱਖਿਆ ਅਤੇ ਪਰਿਵਾਰਕ ਕਾਨੂੰਨ (ਵੱਖਰੇ ਹੋਣ, ਤਲਾਕ ਅਤੇ ਬੱਚਿਆਂ ਦੇ ਪਾਲਣ-ਪੋਸ਼ਣ ਦੇ ਪ੍ਰਬੰਧਾਂ ਨਾਲ ਸਬੰਧਤ ਮੁੱਦਿਆਂ) ਬਾਰੇ ਮੁਫ਼ਤ ਕਾਨੂੰਨੀ ਸਲਾਹ ਅਤੇ ਪ੍ਰਤੀਨਿਧਤਾ ਪੇਸ਼ ਕਰਦੇ ਹਨ।

ਅਸੀਂ ਸਿਵਲ (ਗ਼ੈਰ-ਅਪਰਾਧਿਕ) ਕਾਨੂੰਨੀ ਸਮੱਸਿਆਵਾਂ ਜਿਵੇਂ ਕਿ ਵਿਤਕਰੇਬਾਜ਼ੀ; ਪੁਲਿਸ, ਸਿਹਤ ਸੰਭਾਲ ਪ੍ਰਦਾਤਾਵਾਂ, ਸਿੱਖਿਆ ਅਤੇ Corrections (ਸਜ਼ਾ ਦੇਣ ਸਬੰਧੀ ਵਿਵਸਥਾਵਾਂ) ਬਾਰੇ ਸ਼ਿਕਾਇਤਾਂ; ਅਪਰਾਧ ਦੇ ਪੀੜਤਾਂ ਨੂੰ ਮਿਲਣ ਵਾਲੇ ਮੁਆਵਜ਼ੇ ਨਾਲ ਸਬੰਧਤ ਮਾਮਲਿਆਂ; ਹਾਊਸਿੰਗ ਅਤੇ ਸੈਂਟਰਲਿੰਕ ਸਮੱਸਿਆਵਾਂ, ਅਤੇ ਰੁਜ਼ਗਾਰ ਕਾਨੂੰਨ ਵਿੱਚ ਵੀ ਸਹਾਇਤਾ ਕਰ ਸਕਦੇ ਹਾਂ।

KWILS ਅਜਿਹੇ ਸਹਾਇਕ ਕਰਮਚਾਰੀਆਂ ਨੂੰ ਨਿਯੁਕਤ ਕਰਦਾ ਹੈ ਜੋ ਗਾਹਕਾਂ ਦੇ ਨਾਲ ਰਲ਼-ਮਿਲ ਕੇ ਕੰਮ ਕਰਦੇ ਹਨ। ਉਹ ਅੱਪੋਇੰਟਮੈਂਟਾਂ (ਮੁਲਾਕਾਤਾਂ) ਜਾਂ ਅਦਾਲਤ ਵਿਖੇ ਤੁਹਾਡੇ ਨਾਲ ਹਾਜ਼ਰ ਰਹਿ ਸਕਦੇ ਹਨ, ਅਤੇ ਉਨ੍ਹਾਂ ਸਾਰਿਆਂ ਮਹੱਤਵਪੂਰਨ ਗੈਰ-ਕਾਨੂੰਨੀ ਕਾਰਜਾਂ ਨੂੰ ਕਰਨ ਲਈ ਤੁਹਾਡੇ ਨਾਲ ਮਿਲ ਕੇ ਕੰਮ ਕਰ ਸਕਦੇ ਹਨ ਜਿਵੇਂ ਕਿ ਫਾਰਮ ਅਤੇ ਅਰਜ਼ੀਆਂ ਨੂੰ ਭਰਨਾ, ਮੁਲਾਕਾਤਾਂ ਨਿਰਧਾਰਤ ਕਰਨਾ ਅਤੇ ਸਮੇਂ ਸਿਰ ਉਨ੍ਹਾਂ ਤੇ ਪਹੁੰਚਣਾ, ਅਤੇ ਹੋਰ ਸੇਵਾਵਾਂ ਵੱਲ ਰੈਫਰ ਕਰਨਾ (ਦੱਸਣਾ)।

ਜਦੋਂ ਤੁਸੀਂ ਕਿਸੇ ਵਕੀਲ ਨਾਲ ਗੱਲ ਕਰਦੇ ਹੋ, ਤਾਂ ਤੁਸੀਂ ਉਨ੍ਹਾਂ ਨੂੰ ਆਪਣੀ ਕਹਾਣੀ ਦੱਸਦੇ ਹੋ, ਅਤੇ ਇਹ ਦੱਸਦੇ ਹੋ ਕਿ ਤੁਸੀਂ ਕੀ ਹੁੰਦਾ ਦੇਖਣਾ ਚਾਹੁੰਦੇ ਹੋ। ਵਕੀਲ ਫਿਰ ਤੁਹਾਨੂੰ ਦੱਸੇਗਾ/ਗੀ ਕਿ ਤੁਹਾਡੇ ਲਈ ਕਿਹੜੇ ਕਾਨੂੰਨੀ ਵਿਕਲਪ ਉਪਲਬਧ ਹਨ। ਤੁਸੀਂ ਅੱਗੇ ਕੀ ਕਰਦੇ ਹੋ, ਇਹ **ਤੁਹਾਡੀ ਮਰਜੀ** ਹੈ। ਵਕੀਲ ਤੁਹਾਡੇ ਲਈ ਉਸ ਵਕਤ ਤੱਕ ਕੋਈ ਕੰਮ ਸ਼ੁਰੂ ਨਹੀਂ ਕਰ ਸਕਦਾ/ਦੀ ਜਦੋਂ ਤੱਕ ਤੁਸੀਂ ਉਸਨੂੰ ਅਜਿਹਾ ਕਰਨ ਲਈ ਨਹੀਂ ਕਹਿੰਦੇ ਹੋ।

ਸਾਡਾ ਦਫ਼ਤਰ ਇੱਕ ਨਿੱਜੀ, ਸੁਰੱਖਿਅਤ ਸਥਾਨ ਹੈ। ਸਾਡੇ ਵਕੀਲ ਅਤੇ ਸਹਾਇਕ ਕਰਮਚਾਰੀ ਵੀ ਔਰਤਾਂ ਹਨ, ਅਤੇ ਚਾਹੁੰਦੀਆਂ ਹਨ ਕਿ ਤੁਸੀਂ ਹਰ ਸਮੇਂ ਸੁਰੱਖਿਅਤ ਅਤੇ ਅਰਾਮਦਾਇਕ ਮਹਿਸੂਸ ਕਰੋ।

ਜੇਕਰ ਤੁਸੀਂ ਅਜਿਹਾ ਚਾਹੁੰਦੇ ਹੋ, ਤਾਂ ਅਸੀਂ ਤੁਹਾਡੇ ਨਾਲ ਵੀਡੀਓ ਕਾੱਲ ਰਾਹੀਂ ਮਿਲ ਕੇ ਖੁਸ਼ ਹੋਵਾਂਗੇ, ਜਾਂ ਅਸੀਂ ਤੁਹਾਡੇ ਕੋਲ ਉੱਥੇ ਆਉਂਦੇ ਹਾਂ ਜਿੱਥੇ ਤੁਸੀਂ ਸੁਰੱਖਿਅਤ ਅਤੇ ਆਰਾਮਦਾਇਕ ਮਹਿਸੂਸ ਕਰਦੇ ਹੋ।

ਤੁਸੀਂ ਇੱਕ ਦੁਭਾਸ਼ੀਏ ਰਾਹੀਂ KWILS ਨਾਲ ਗੱਲ ਕਰ ਸਕਦੇ ਹੋ, ਤਾਂ ਜੋ ਤੁਸੀਂ ਸਾਨੂੰ ਆਪਣੀ ਕਹਾਣੀ ਉਸ ਭਾਸ਼ਾ ਵਿੱਚ ਦੱਸ ਸਕੋ ਜਿਸ ਵਿੱਚ ਤੁਸੀਂ ਸਭ ਤੋਂ ਵੱਧ ਆਰਾਮਦਾਇਕ ਮਹਿਸੂਸ ਕਰਦੇ ਹੋ।

ਜੇਕਰ KWILS ਤੁਹਾਡੀ ਮਦਦ ਕਰਨ ਲਈ ਸਹੀ ਸੇਵਾ ਨਹੀਂ ਹੈ, ਤਾਂ ਅਸੀਂ ਸਹੀ ਸੇਵਾ ਲੱਭਣ ਵਿੱਚ ਤੁਹਾਡੀ ਮਦਦ ਕਰਾਂਗੇ। ਮਦਦ ਮੰਗਣ ਤੋਂ ਕਦੇ ਨਾ ਡਰੋ: ਇਸੇ ਲਈ ਹੀ ਅਸੀਂ ਇੱਥੇ ਹਾਂ।

KWILS ਵਿਖੇ, ਅਸੀਂ ਆਪਣੇ ਗਾਹਕਾਂ ਕੋਲੋਂ ਉਨ੍ਹਾਂ ਦੀ ਸੁਰੱਖਿਆ ਅਤੇ ਉਨ੍ਹਾਂ ਦੇ ਪਰਿਵਾਰ ਦੀ ਸੁਰੱਖਿਆ ਬਾਰੇ ਕੀਤੇ ਗਏ ਉਨ੍ਹਾਂ ਦੇ ਆਪਣੇ ਮੁਲਾਂਕਣ ਨੂੰ ਸੁਣਦੇ ਹਾਂ ਅਤੇ ਸੁਣੇ ਦੀ ਡੂੰਘੀ ਕਦਰ ਕਰਦੇ ਹਾਂ।

ਵਕੀਲਾਂ ਨੂੰ ਲਗਭਗ ਕਿਸੇ ਵੀ ਜਾਣਕਾਰੀ ਨੂੰ ਗੁਪਤ ਰੱਖਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ ਜੋ ਉਨ੍ਹਾਂ ਦੇ ਗਾਹਕ ਉਨ੍ਹਾਂ ਨੂੰ ਦੱਸਦੇ ਹਨ। ਹਾਲਾਂਕਿ, NT ਦੇ ਸਾਰੇ ਬਾਲਗਾਂ ਦੀ ਹੀ ਤਰ੍ਹਾਂ, KWILS ਦੇ ਕਰਮਚਾਰੀਆਂ ਲਈ ਇਹ ਲਾਜਮੀ ਕੀਤਾ ਗਿਆ ਹੈ ਕਿ ਘਰੇਲੂ ਹਿੰਸਾ ਦੀ ਰਿਪੋਰਟ ਪੁਲਿਸ ਨੂੰ ਦੇਣੀ ਹੀ ਹੋਵੇਗੀ, ਜਾਂ ਜੇਕਰ ਕਿਸੇ ਬੱਚੇ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ ਜਾਂ ਉਸ ਨੂੰ ਨੁਕਸਾਨ ਹੋਣ ਦਾ ਖਤਰਾ ਹੈ ਤਾਂ ਇਸ ਬਾਰੇ Territory Families ਨੂੰ ਰਿਪੋਰਟ ਕਰਨਾ ਲਾਜ਼ਮੀ ਹੋਵੇਗਾ।

ਜਿੱਥੇ ਵੀ ਅਜਿਹਾ ਕਰਨਾ ਸੰਭਵ ਹੋਵੇਗਾ, ਰਿਪੋਰਟ ਦੇਣ ਤੋਂ ਪਹਿਲਾਂ KWILS ਤੁਹਾਡੇ ਨਾਲ ਗੱਲ ਕਰੇਗਾ। ਹਰ ਕਿਸੇ ਦੀ ਸੁਰੱਖਿਆ, ਰਿਪੋਰਟ ਕਰਨ ਦਾ ਸਭ ਤੋਂ ਵਧੀਆ ਸਮਾਂ ਕਦੋਂ ਹੈ ਜਾਂ ਇਸਨੂੰ ਕਿਵੇਂ ਕੀਤਾ ਜਾਣਾ ਚਾਹੀਦਾ ਹੈ, ਅਸੀਂ ਇਨ੍ਹਾਂ ਸਾਰੀਆਂ ਗੱਲਾਂ ਨੂੰ ਵੀ ਧਿਆਨ ਵਿੱਚ ਰੱਖਾਂਗੇ।

ਜੇਕਰ ਤੁਸੀਂ NT ਵਿੱਚ ਲਾਜ਼ਮੀ ਰਿਪੋਰਟਿੰਗ ਕਾਨੂੰਨਾਂ ਬਾਰੇ ਹੋਰ ਜਾਣਨਾ ਚਾਹੁੰਦੇ ਹੋ, ਤਾਂ ਤੁਸੀਂ ਸਾਨੂੰ info@kwils.com.au 'ਤੇ ਈਮੇਲ ਕਰ ਸਕਦੇ ਹੋ ਜਾਂ 8972 1712 'ਤੇ ਫ਼ੋਨ ਕਰ ਸਕਦੇ ਹੋ।

ਸਾਡੀ ਵੈੱਬਸਾਈਟ ਉੱਤੇ KWILS ਬਾਰੇ ਬਹੁਤ ਸਾਰੀ ਜਾਣਕਾਰੀ ਉਪਲਬਧ ਹੈ - ਕਾਨੂੰਨ ਬਾਰੇ ਜਾਣਕਾਰੀ, ਤੁਸੀਂ KWILS ਨਾਲ ਕਿਵੇਂ ਕੰਮ ਕਰ ਸਕਦੇ ਹੋ, ਮੈਂਬਰ ਵਜੋਂ ਇਸ ਵਿੱਚ ਕਿਵੇਂ ਸ਼ਾਮਲ ਹੋ ਸਕਦੇ ਹੋ, ਸਾਡੇ ਕਾਨੂੰਨ ਸੁਧਾਰਾਂ ਅਤੇ ਸਾਡੀਆਂ ਵਕਾਲਤ ਸੇਵਾਵਾਂ।

*Development and printing of this factsheet has been made been possible by funding from Northern Territory Primary Health Network (NT PHN)*

*This document was translated by The Interpreting & Translating Service NT (ITSNT)*